Punjabi - Number 47
July 2019

# ਸਾਈਐਨੋਬੈਕਟੀਰੀਆ ਦੇ ਬਲੂਮਜ਼ (ਨੀਲੀ-ਹਰੀ ਐਲਜੀ)
# Cyanobacteria Blooms (Blue-green Algae)

## ਸਾਈਐਨੋਬੈਕਟੀਰੀਆ ਦੇ ਬਲੂਮਜ਼ ਕੀ ਹਨ?

ਸਾਈਐਨੋਬੈਕਟੀਰੀਆ ਬਲੂਮਜ਼ ਨੂੰ ਨੂੰ ਕਈ ਵਾਰ ਨੀਲੀ-ਹਰੀ ਐਲਜੀ ਕਿਹਾ ਜਾਂਦਾ ਹੈ।ਦਰਅਸਲ, ਸਾਈਐਨੋਬੈਕਟੀਰੀਆ ਕਈ ਰੰਗਾਂ ਦੀ ਰੇਂਜ ਵਿੱਚ ਬਲੂਮਜ਼ ਦਾ ਕਾਰਨ ਬਣ ਸਕਦਾ ਹੈ, ਜਿਸ ਵਿਚ ਚਮਕਦਾਰ ਨੀਲਾ, ਲਾਲ, ਭੂਰਾ ਅਤੇ ਹਰਾ ਸ਼ਾਮਲ ਹਨ।ਤੁਸੀਂ ਪਾਣੀ ਦੇ ਹਰ ਕਿਸਮ ਦੇ ਸਰੂਪ ਵਿੱਚ ਸਾਈਐਨੋਬੈਕਟੀਰੀਆ ਪਾ ਸਕਦੇ ਹੋ ਪਰ ਉਨ੍ਹਾਂ ਲਈ ਘੱਟ ਡੂੰਘੇ, ਹੌਲੀ ਚਲਦੇ ਜਾਂ ਖੜੇ ਪਾਣੀ ਵਿੱਚ ਵਧਣਾ ਆਮ ਹੈ। ਇਸ ਵਿੱਚ ਛੱਪੜਾਂ, ਬਰਫ ਦੀਆਂ ਜ਼ਮੀਨਾਂ ਅਤੇ ਤਾਜ਼ੇ ਪਾਣੀ ਦੀਆਂ ਝੀਲਾਂ, ਦਰਿਆ ਅਤੇ ਨਦੀਆਂ ਦੇ ਕਿਨਾਰੇ ਸ਼ਾਮਲ ਹਨ।

ਜਦੋਂ ਪਾਣੀ ਦੇ ਸਰੂਪ ਵਿੱਚ ਸਾਈਐਨੋਬੈਕਟੀਰੀਆ ਦੀ ਮਾਤਰਾ ਵਧ ਜਾਂਦੀ ਹੈ, ਤਾਂ ਇਕ ਸੰਘਣਾ ਪੁੰਜ ਬਣ ਜਾਂਦਾ ਹੈ ਜਿਸਨੂੰ ਬਲੂਮ ਕਹਿੰਦੇ ਹਨ।ਸਾਈਐਨੋਬੈਕਟੀਰੀਆ ਬਲੂਮ ਕੁਦਰਤੀ ਹਨ।ਪਰ, ਕੁਝ ਮਨੁੱਖੀ ਗਤੀਵਿਧੀਆਂ (ਜਿਵੇਂ ਖੇਤੀਬਾੜੀ ਜਾਂ ਇੱਕ ਮਾੜੀ ਕਾਰਜਕਾਰੀ ਵਾਲੀ ਸੈਪਟਿਕ ਪ੍ਰਣਾਲੀ) ਬਲੂਮ ਨੂੰ ਵਧੇਰੇ ਸੰਭਾਵੀ ਬਣਾ ਸਕਦੀਆਂ ਹਨ।

## ਸਾਈਐਨੋਬੈਕਟੀਰੀਆ ਦੇ ਬਲੂਮਜ਼ ਕਿਵੇਂ ਦੇ ਦਿਖਦੇ ਹਨ ਅਤੇ ਇਹ ਕਿੰਨਾ ਚਿਰ ਰਹਿਣਗੇ?



ਸਾਰੇ ਬਲੂਮਜ਼ ਨੂੰ ਦੇਖਣਾ ਆਸਾਨ ਨਹੀਂ ਹੁੰਦਾ।ਕੁਝ ਬਲੂਮਜ਼ ਪਾਣੀ ਦਾ ਕੁਝ ਹਿੱਸਾ ਜਾਂ ਸਾਰੀ ਸਤਿਹ ਨੂੰ ਢੱਕ ਸਕਦੇ ਹਨ ਅਤੇ ਸੂਪ ਵਰਗੇ ਗਾੜੇ ਲਗ ਸਕਦੇ ਹਨ। ਬਲੂਮਜ਼ ਕਈ ਦਿਨਾਂ, ਹਫ਼ਤਿਆਂ, ਮਹੀਨਿਆਂ ਜਾਂ ਸਾਰੇ ਸਾਲ ਰਹਿ ਸਕਦੇ ਹਨ, ਅਤੇ ਇਹ ਸਰਦੀਆਂ ਦੇ ਸਮੇਂ ਵੀ ਵੱਧ ਸਕਦੀ ਹੈ ਜਦੋਂ ਪਾਣੀ ਬਰਫ ਨਾਲ ਢੱਕਿਆ ਹੋ ਸਕਦਾ ਹੈ ਜਾਂ ਬਰਫ਼ ਬਣ ਸਕਦਾ ਹੈ।ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਇਕ ਬਲੂਮ ਖਤਮ ਹੋਣ ਤੋਂ ਬਾਅਦ ਸਾਈਐਨੋਬੈਕਟੀਰੀਆ ਅਜੇ ਵੀ ਪਾਣੀ ਵਿਚ ਕਾਇਮ ਰਹਿ ਸਕਦਾ ਹੈ। ਜੇ ਤੁਸੀਂ ਪਾਣੀ ਦੀ ਗੁਣਵਤਾ ਬਾਰੇ ਯਕੀਨੀ ਨਹੀਂ ਹੋ, ਤਾਂ ਆਪਣੀ ਸਥਾਨਕ ਸਿਹਤ ਅਥਾਰਟੀ ਨਾਲ ਸੰਪਰਕ ਕਰੋ।

## ਕੀ ਸਾਈਐਨੋਬੈਕਟੀਰੀਆ ਹਾਨੀਕਾਰਕ ਹਨ?

ਸਾਈਐਨੋਬੈਕਟੀਰੀਆ ਕਈ ਕਿਸਮਾਂ ਦੇ ਜ਼ਹਿਰੀਲੇ ਉਤਪਾਦ ਪੈਦਾ ਕਰ ਸਕਦਾ ਹੈ ਜੋ ਲੋਕਾਂ, ਪਾਲਤੂ ਜਾਨਵਰਾਂ ਜਾਂ ਡੰਗਰਾਂ ਲਈ ਜ਼ਹਿਰੀਲੇ ਹੋ ਸਕਦੇ ਹਨ।

## ਮੇਰਾ ਸੰਪਰਕ ਸਾਈਐਨੋਬੈਕਟੀਰੀਆ ਦੇ ਨਾਲ ਕਿਸ ਤਰ੍ਹਾਂ ਹੋ ਸਕਦਾ ਹੈ?

ਤੁਹਾਨੂੰ ਪਾਣੀ ਪੀਣ ਕਰਕੇ ਜਾਂ ਮਨੋਰੰਜਨ ਦੀਆਂ ਗਤੀਵਿਧੀਆਂ (ਤੈਰਾਕੀ, ਬੋਟਿੰਗ ਜਾਂ ਵਾਟਰਸਕੀਂਗ, ਆਦਿ) ਦੇ ਦੌਰਾਨ ਆਪਣੀ ਚਮੜੀ 'ਤੇ ਪਾ ਕੇ ਸਾਈਐਨੋਬੈਕਟੀਰੀਆ ਦੇ ਸੰਪਰਕ ਵਿੱਚ ਆ ਸਕਦੇ ਹੋ।

ਸਾਈਐਨੋਬੈਕਟੀਰੀਆ ਦੇ ਬਲੂਮ ਦੇ ਦੌਰਾਨ, ਪਾਣੀ ਦੋਵੇਂ ਖਰਾਬ ਦਿਖੇਗਾ ਅਤੇ ਨਾਲ ਹੀ ਬਦਬੂ ਵੀ ਆ ਸਕਦੀ ਹੈ।ਇਹ ਸੰਭਾਵਤ ਤੌਰ 'ਤੇ ਬਹੁਤ ਸਾਰੇ ਲੋਕਾਂ ਨੂੰ ਇਸ ਪਾਣੀ ਨੂੰ ਪੀਣ ਜਾਂ ਇਸ ਵਿੱਚ ਖੇਡਣ ਤੋਂ ਨਿਰਾਸ਼ ਕਰੇਗਾ। ਪਰ, ਕੁਝ ਵਿਅਕਤੀ (ਜਿਵੇਂ ਛੋਟੇ ਬੱਚੇ) ਘੱਟ ਸਾਵਧਾਨ ਹੋ ਸਕਦੇ ਹਨ, ਜਾਂ ਖ਼ਤਰਿਆਂ ਤੋਂ ਅਣਜਾਣ ਹੋ ਸਕਦੇ ਹਨ।

ਇਹ ਸੁਨਿਸ਼ਚਿਤ ਕਰਨ ਲਈ ਵਿਸ਼ੇਸ਼ ਧਿਆਨ ਰੱਖੋ ਕਿ ਨਿਆਣਿਆਂ ਅਤੇ ਬੱਚਿਆਂ ਨੂੰ ਸਾਈਐਨੋਬੈਕਟੀਰੀਆ ਨਾਲ ਦੂਸ਼ਿਤ ਪਾਣੀ ਦਾ ਸਾਹਮਣਾ ਨਾ ਕਰਨਾ ਪਵੇ।ਜੋਖਮ ਖਾਸ ਤੌਰ 'ਤੇ ਉਨ੍ਹਾਂ ਲਈ ਵਧੇਰੇ ਹੁੰਦਾ ਹੈ ਜੋ ਦੂਸ਼ਿਤ ਪਾਣੀ ਨਾਲ ਬਣੇ ਫਾਰਮੂਲੇ ਪੀਂਦੇ ਹਨ। ਪਾਣੀ ਨੂੰ ਉਬਾਲਣਾ ਸਾਈਐਨੋਬੈਕਟੀਰੀਆ ਦੇ ਟੌਕਸਿੰਨਾਂ ਪਾਣੀ ਤੋਂ ਬਾਹਰ ਨਹੀਂ ਕੱਢੇਗਾ।

ਸਾਈਐਨੋਬੈਕਟੀਰੀਆ ਨਾਲ ਦੂਸ਼ਿਤ ਪਾਣੀ ਨੂੰ ਭੋਜਨ ਲਈ ਉਗਾਏ ਬੂਟਿਆਂ ਦੇ ਸੰਪਰਕ ਵਿੱਚ ਨਾ ਲਿਆਓ।ਟੌਕਸਿੰਨ ਬੂਟਿਆਂ ਦੀ ਸਤਿਹ 'ਤੇ ਜਮ ਸਕਦੇ ਹਨ।

## ਸਾਈਐਨੋਬੈਕਟੀਰੀਆ ਦੇ ਨਾਲ ਸੰਪਰਕ ਦੇ ਲੱਛਣ ਕੀ ਹਨ?

ਸਾਈਐਨੋਬੈਕਟੀਰੀਆ ਕਈ ਕਿਸਮਾਂ ਦੇ ਟੌਕਸਿੰਨ ਪੈਦਾ ਕਰ ਸਕਦਾ ਹੈ। ਕੁਝ ਤੰਤੂ ਅਤੇ ਸਾਹ ਪ੍ਰਣਾਲੀ ਨੂੰ ਪ੍ਰਭਾਵਿਤ ਕਰ ਸਕਦੇ ਹਨ। ਲੱਛਣ ਸੰਪਰਕ ਵਿੱਚ ਆਉਣ ਦੇ ਤੁਰੰਤ ਬਾਅਦ ਦਿਖਾਈ ਦਿੰਦੇ ਹਨ। ਦੂਸਰੇ ਜਿਗਰ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਲੱਛਣ ਆਉਣ ਤੋਂ ਪਹਿਲਾਂ ਕਈ ਦਿਨ ਲੱਗ ਜਾਂਦੇ ਹਨ।

ਸਾਈਐਨੋਬੈਕਟੀਰੀਅਲ ਟੌਕਸਿੰਨ ਵਾਲੇ ਪਾਣੀ ਨੂੰ ਪੀਣ ਦੇ ਲੱਛਣਾਂ ਵਿੱਚ ਸ਼ਾਮਲ ਹਨ: ਸਿਰਦਰਦ, ਮਤਲੀ, ਬੁਖਾਰ, ਗਲੇ ਵਿੱਚ ਖਰਾਸ਼, ਚੱਕਰ ਆਉਣੇ, ਪੇਟ ਵਿੱਚ ਕੜਵਲ, ਦਸਤ, ਪੇਟ ਵਿੱਚ ਦਰਦ, ਉਲਟੀਆਂ, ਮਾਸਪੇਸ਼ੀਆਂ ਦੇ ਦਰਦ, ਮੂੰਹ ਦੇ ਛਾਲੇ ਅਤੇ ਬੁੱਲ੍ਹਾਂ ਦੇ ਛਾਲੇ।

ਸਾਈਐਨੋਬੈਕਟੀਰੀਆ ਨਾਲ ਦੂਸ਼ਿਤ ਪਾਣੀ ਦੇ ਸੰਪਰਕ ਦੇ ਲੱਛਣਾਂ ਵਿੱਚ ਸ਼ਾਮਲ ਹਨ: ਚਮੜੀ 'ਤੇ ਧੱਫੜ ਅਤੇ ਕੰਨ ਅਤੇ ਅੱਖਾਂ ਵਿੱਚ ਜਲਨ। ਇਹ ਮਹੱਤਵਪੂਰਨ ਹੈ ਕਿ ਤੁਸੀਂ ਦੂਸ਼ਿਤ ਪਾਣੀ ਦੇ ਸੰਪਰਕ

ਵਿਚ ਆਉਣ ਤੋਂ ਤੁਰੰਤ ਬਾਅਦ ਆਪਣੇ ਸਰੀਰ ਨੂੰ ਸਾਫ ਪਾਣੀ ਨਾਲ ਧੋਵੋ।

ਬਿਨਾਂ ਲੱਛਣਾਂ ਤੋਂ ਵੀ ਖੰਗਾਲਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਜੇ ਤੁਸੀਂ ਉੱਪਰ ਦਿੱਤੇ ਕੋਈ ਵੀ ਲੱਛਣ ਦਿਖਾ ਰਹੇ ਹੋ ਅਤੇ ਵਿਸ਼ਵਾਸ ਕਰਦੇ ਹੋ ਕਿ ਉਹ ਸਾਈਐਨੋਬੈਕਟੀਰੀਆ ਦੇ ਸੰਪਰਕ ਕਰਕੇ ਹੋ ਸਕਦੇ ਹਨ, ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਮਿਲੋ।

## ਪਾਲਤੂ ਜਾਨਵਰਾਂ ਅਤੇ ਡੰਗਰਾਂ ਦਾ ਸੰਪਰਕ ਸਾਈਐਨੋਬੈਕਟੀਰੀਆ ਦੇ ਨਾਲ ਕਿਸ ਤਰ੍ਹਾਂ ਹੁੰਦਾ ਹੈ?

ਸਾਈਐਨੋਬੈਕਟੀਰੀਆ ਦੇ ਟੌਕਸਿੰਨ ਪਾਲਤੂ ਜਾਨਵਰਾਂ ਅਤੇ ਡੰਗਰਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਜੇ ਉਹ ਗੰਦੇ ਪਾਣੀ ਦੇ ਸੰਪਰਕ ਵਿੱਚ ਆਉਂਦੇ ਹਨ। ਉਹ ਜਾਂ ਤਾਂ ਪੀਣ, ਪਾਣੀ ਵਿੱਚ ਚੱਲਣ ਜਾਂ ਖੇਡਣ ਦੁਆਰਾ ਸੰਪਰਕ ਵਿੱਚ ਆ ਸਕਦੇ ਹਨ। ਸੰਪਰਕ ਦੇ ਕੁਝ ਲੱਛਣਾਂ ਵਿੱਚ ਪੀਲੀਆ (ਅੱਖ ਦੇ ਚਿੱਟੇ ਭਾਗ ਦਾ ਪੀਲਾ ਹੋਣਾ ਅਤੇ ਧੁੱਪ ਦੀ ਸੰਵੇਦਨਸ਼ੀਲਤਾ) ਸ਼ਾਮਲ ਹੈ।

ਜੇ ਉਥੇ ਪ੍ਰਤੱਖ ਬਲੂਮ ਨਜ਼ਰ ਆਉਂਦੇ ਹਨ ਤਾਂ ਪਾਲਤੂ ਜਾਨਵਰਾਂ ਜਾਂ ਡੰਗਰਾਂ ਨੂੰ ਕਦੇ ਵੀ ਉਸਨੂੰ ਪੀਣ ਜਾਂ ਪਾਣੀ ਵਿਚ ਨਾ ਜਾਣ ਦਿਓ। ਹਮੇਸ਼ਾਂ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਪੀਣ ਵਾਲੇ ਪਾਣੀ ਦਾ ਸੁਰੱਖਿਅਤ ਸ੍ਰੋਤ ਪ੍ਰਦਾਨ ਕਰ ਰਹੇ ਹੋ।

## ਮੈਂ ਸਾਈਐਨੋਬੈਕਟੀਰੀਆ ਕਰਕੇ ਹੋਣ ਵਾਲੀ ਬਿਮਾਰੀ ਦੀ ਰੋਕਥਾਮ ਕਿਵੇਂ ਕਰ ਸਕਦਾ/ਦੀ ਹਾਂ?

ਸਾਈਐਨੋਬੈਕਟੀਰੀਆ ਤੋਂ ਹੋਣ ਵਾਲੀ ਬਿਮਾਰੀ ਨੂੰ ਰੋਕਣ ਲਈ:

- ਆਪਣੀ ਸਥਾਨਕ ਸਰਕਾਰ, ਸਿਹਤ ਅਥਾਰਟੀ ਅਤੇ ਮੰਤਰਾਲਿਆਂ ਦੀ ਸਲਾਹ ਦੀ ਪਾਲਣਾ ਕਰੋ ਕਿ ਕਿਹੜਾ ਪਾਣੀ ਪੀਣਾ ਸੁਰੱਖਿਅਤ ਹੈ ਅਤੇ ਕਿੱਥੇ ਤੈਰਨਾ ਸੁਰੱਖਿਅਤ ਹੈ
- ਝੀਲਾਂ, ਛੱਪੜਾਂ ਅਤੇ ਪਾਣੀ ਵਾਲਿਆਂ ਥਾਵਾਂ ਤੋਂ ਕਦੇ ਵੀ ਗੰਦਾ ਪਾਣੀ ਨਾ ਪੀਓ। ਪਾਣੀ ਨੂੰ ਉਬਲਣਾ ਸਾਈਐਨੋਬੈਕਟੀਰੀਆ ਟੌਕਸਿੰਨਾਂ ਨੂੰ ਪਾਣੀ ਤੋਂ ਬਾਹਰ ਨਹੀਂ ਕੱਢਦਾ ਅਤੇ ਜ਼ਹਿਰੀਲੇ ਤੱਤਾਂ ਦੇ ਜਮਾਅ ਨੂੰ ਵੀ ਵਧਾ ਸਕਦਾ ਹੈ
- ਕਦੇ ਵੀ ਬੱਚੇ ਦੇ ਫਾਰਮੂਲੇ ਨੂੰ ਉਸ ਪਾਣੀ ਨਾਲ ਨਾ ਮਿਲਾਓ ਜਿਸ ਬਾਰੇ ਤੁਹਾਨੂੰ ਸ਼ੱਕ ਹੈ ਕਿ ਸਾਈਐਨੋਬੈਕਟੀਰੀਆ ਹੈ
- ਸਾਈਐਨੋਬੈਕਟੀਰੀਆ ਬਲੂਮਜ਼ ਜਾਂ ਜ਼ਹਿਰੀਲੇ ਤੱਤਾਂ ਨਾਲ ਸਬੰਧਤ ਤੈਰਾਕੀ ਸਲਾਹਾਂ ਦੀ ਪਾਲਣਾ ਕਰੋ
- ਦਿਖਾਈ ਦੇਣ ਵਾਲੇ ਬਲੂਮਜ਼ ਵਾਲੇ ਪਾਣੀ ਵਿੱਚ ਨਾ ਚੱਲੋ, ਤੈਰੋ ਜਾਂ ਨਹਾਓ
- ਬਲੂਮਜ਼ ਨਾਲ ਦੂਸ਼ਿਤ ਪਾਣੀ ਵਿਚ ਕਦੇ ਨਾ ਪਕਾਓ, ਭਾਂਡੇ ਧੋਵੋ ਜਾਂ ਕਪੜੇ ਧੋਵੋ
- ਸਾਈਐਨੋਬੈਕਟੀਰੀਆ ਦੇ ਸੰਪਰਕ ਵਿਚ ਆਉਣ ਵਾਲੇ ਕਿਸੇ ਪਾਲਤੂ ਜਾਨਵਰ ਨੂੰ ਧੋਣ ਵੇਲੇ ਰਬੜ ਦੇ ਦਸਤਾਨੇ ਪਹਿਨੋ। ਆਪਣੇ ਪਾਲਤੂ ਜਾਨਵਰ ਨੂੰ ਸਾਫ਼ ਕਰਨ ਤੋਂ ਬਾਅਦ ਹੱਥਾਂ ਨੂੰ ਚੰਗੀ ਤਰ੍ਹਾਂ ਧੋਣ ਲਈ ਤਾਜ਼ੇ ਪਾਣੀ ਦੀ ਵਰਤੋਂ ਕਰੋ

ਸਾਈਐਨੋਬੈਕਟੀਰੀਆ ਦੇ ਸੰਪਰਕ ਵਿੱਚ ਆਉਣਾ ਕੇਵਲ ਪੀਣ ਦੇ ਪਾਣੀ ਨਾਲ ਜੁੜਿਆ ਜੋਖਮ ਨਹੀਂ ਹੈ। ਪੀਣ ਵਾਲੇ ਸਾਫ ਪਾਣੀ ਬਾਰੇ ਵਧੇਰੇ ਜਾਣਕਾਰੀ ਲਈ HealthLinkBC File #49b ਪੀਣ ਵਾਲੇ ਪਾਣੀ ਨੂੰ ਰੋਗਾਣੂ ਰਹਿਤ ਕਰਨਾ ਵੇਖੋ।

## ਮੈਨੂੰ ਸਾਈਐਨੋਬੈਕਟੀਰੀਆ ਬਾਰੇ ਰਿਪੋਰਟ ਕਰਨ ਲਈ ਕਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ?

ਜੇ ਤੁਹਾਡੀਆਂ ਪਾਣੀ ਦੇ ਇਕੱਠ, ਜੋ ਕਿ ਪੀਣ ਦੇ ਪਾਣੀ ਦਾ ਸ੍ਰੋਤ ਹੈ ਜਾਂ ਮਨੋਰੰਜਨ ਲਈ ਵਰਤਿਆ ਜਾਂਦਾ ਹੈ ਵਿੱਚ ਸਾਈਐਨੋਬੈਕਟੀਰੀਆ ਬਲੂਮਜ਼ ਬਾਰੇ ਚਿੰਤਾਵਾਂ ਹਨ, www2.gov.bc.ca/gov/content/health/about-bc-s-health-care-system/partners/health-authorities/regional-health-authorities 'ਤੇ ਆਪਣੀ ਸਥਾਨਕ ਸਿਹਤ ਅਥਾਰਟੀ ਨਾਲ ਸੰਪਰਕ ਕਰੋ।

## ਹੋਰ ਜਾਣਕਾਰੀ ਲਈ

ਪੀਣ ਦੇ ਪਾਣੀ ਵਿੱਚ ਸਾਈਐਨੋਬੈਕਟੀਰੀਆ ਬਾਰੇ ਹੋਰ ਜਾਣਕਾਰੀ ਲਈ, www.canada.ca/content/dam/canada/health-canada/migration/healthy-canadians/publications/healthy-living-vie-saine/water-cyanobacteria-cyanobacterie-eau/alt/water-cyanobacteria-cyanobacterie-eau-eng.pdf (PDF 1.35 MB) 'ਤੇ ਹੈਲਥ ਕੈਨੇਡਾ ਦੀਆਂ ਗਾਇਡਲਾਇਨਜ਼ ਫਾਰ ਕਨੇਡੀਅਨ ਡਰਿੰਕਿੰਗ ਵੌਟਰ ਕੁਆਲਿਟੀ ਦੇਖੋ।

ਸਾਈਐਨੋਬੈਕਟੀਰੀਆ ਅਤੇ ਰੀਕ੍ਰੀਏਸ਼ਨਲ ਪਾਣੀ ਦੀ ਗੁਣਵੱਤਾ ਬਾਰੇ ਹੋਰ ਜਾਣਕਾਰੀ ਲਈ, ਹੈਲਥ ਕੈਨੇਡਾ ਦੀਆਂ ਗਾਇਡਲਾਇਨਜ਼ ਫਾਰ ਕਨੇਡੀਅਨ ਰੀਕ੍ਰੀਏਸ਼ਨਲ ਵੌਟਰ ਕੁਆਲਿਟੀ ਦੇਖੋ। www.hc-sc.gc.ca/ewh-semt/alt_formats/pdf/pubs/water-eau/guide_water-2012-guide_eau/guide_water-2012-guide_eau-eng.pdf (PDF 1 MB).